| ਪਾਲਸੀ: | | |
|---|---|---|
| **ਜੁਰਮਾਂ ਦੇ ਪੀੜਿਤ – ਇਨ੍ਹਾਂ ਨੂੰ ਸਹਾਇਤਾ ਅਤੇ ਜਾਣਕਾਰੀ ਦੇਣਾ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **VIC 1** | 1 ਮਾਰਚ, 2018 | CHI 1 IPV 1 SEX 1<br>VIC 2 VUL 1 |

## ਆਮ ਅਸੂਲ

ਜੁਰਮਾਂ ਦੇ ਪੀੜਿਤ ਲੋਕਾਂ ਨੂੰ ਜਾਣਕਾਰੀ ਅਤੇ ਸਹਾਇਤਾ ਦੇਣਾ ਜਸਟਿਸ ਸਿਸਟਮ ਦੇ ਸਟਾਫ ਦਾ ਇਕ ਮਹੱਤਵਪੂਰਨ ਕੰਮ ਹੈ। ਕਰਾਊਨ ਕੌਂਸਲ ਅਤੇ ਪ੍ਰਬੰਧਕੀ ਸਟਾਫ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਪੀੜਿਤਾਂ ਨੂੰ ਕਮਿਊਨਟੀ ਦੇ ਅਤੇ ਪੁਲੀਸ ਆਧਾਰਿਤ ਪੀੜਿਤਾਂ ਲਈ ਸਹਾਇਤਾ ਦੇ ਪ੍ਰੋਗਰਾਮਾਂ ਤੋਂ ਜਾਣੂ ਕਰਵਾਇਆ ਗਿਆ ਹੈ।

ਜਿੱਥੇ ਲਾਗੂ ਹੁੰਦਾ ਹੋਵੇ, ਕਰਾਊਨ ਕੌਂਸਲ ਨੂੰ ਅੱਗੇ ਦਿੱਤੀਆਂ ਪਾਲਸੀਆਂ ਵਿਚ ਵੀ ਪੀੜਿਤਾਂ ਨਾਲ ਸੰਬੰਧਿਤ ਸੇਧ 'ਤੇ ਵਿਚਾਰ ਕਰਨਾ ਚਾਹੀਦਾ ਹੈ:

- *ਬੱਚਿਆਂ ਅਤੇ ਨੁਕਸਾਨ ਦੀ ਜ਼ਦ ਵਿਚ ਆਉਣ ਵਾਲੇ ਜਵਾਨਾਂ ਖਿਲਾਫ ਜੁਰਮ* (ਸੀ ਐੱਚ ਆਈ 1)
- *ਜਿਗਰੀ ਸਾਥੀ ਵਲੋਂ ਹਿੰਸਾ* (ਆਈ ਪੀ ਵੀ 1)
- *ਬਾਲਗਾਂ ਨਾਲ ਕਾਮੁਕ ਜੁਰਮ* (ਸੈਕਸ 1)
- *ਕਮਜ਼ੋਰ ਪੀੜਿਤ ਅਤੇ ਗਵਾਹ –ਬਾਲਗ* (ਵੀ ਯੂ ਐੱਲ 1)

ਕਰਾਊਨ ਕੌਂਸਲ ਅਤੇ ਪ੍ਰਬੰਧਕੀ ਸਟਾਫ ਨੂੰ ਬੀ ਸੀ ਦੇ *ਵਿਕਟਿਮਜ਼ ਔਫ ਕਰਾਇਮ ਐਕਟ* (ਵੀ ਓ ਸੀ ਏ) ਅਤੇ ਫੈਡਰਲ *ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* (ਸੀ ਵੀ ਬੀ ਆਰ) ਹੇਠ ਆਪਣੀਆਂ ਜ਼ਿੰਮੇਵਾਰੀਆਂ ਦਾ ਖਿਆਲ ਰੱਖਣਾ ਚਾਹੀਦਾ ਹੈ।

ਕਰਾਊਨ ਕੌਂਸਲ ਨੂੰ ਪੀੜਿਤਾਂ ਨੂੰ ਅਦਾਲਤ ਲਈ ਤਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮੁਕੱਦਮੇ ਬਾਰੇ ਅਤੇ ਕ੍ਰਿਮੀਨਲ ਜਸਟਿਸ ਸਿਸਟਮ ਬਾਰੇ ਢੁਕਵੀਂ ਜਾਣਕਾਰੀ ਦੇਣੀ ਚਾਹੀਦੀ ਹੈ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ (ਹੋਰ ਜਾਣਕਾਰੀ ਦੇਖੋ)। ਬਹੁਤ ਹੀ ਗੰਭੀਰ ਕੇਸਾਂ ਵਿਚ, ਕਰਾਊਨ ਕੌਂਸਲ ਨੂੰ ਪੀੜਿਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮੁਕੱਦਮੇ ਦੀ ਕਾਰਵਾਈ ਨੂੰ ਸਮਝਣ ਵਿਚ ਮਦਦ ਕਰਨ ਲਈ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

ਜਿੱਥੇ ਪੀੜਿਤ ਦੀ ਸੇਫਟੀ ਲਈ ਖਾਸ ਫਿਕਰ ਹੋਣ ਜਾਂ ਜਿੱਥੇ ਪੀੜਿਤ ਨੇ ਲਗਾਤਾਰ ਜਾਣਕਾਰੀ ਲੈਣ ਦੀ ਮੰਗ ਕੀਤੀ ਹੋਵੇ, ਉੱਥੇ ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਪੀੜਿਤ ਨੂੰ ਸਿੱਧਾ ਪ੍ਰਬੰਧਕੀ ਸਟਾਫ ਵਲੋਂ ਜਾਂ ਪੀੜਿਤਾਂ ਦੀ ਸਹਾਇਤਾ ਕਰਨ ਵਾਲੇ ਕਿਸੇ ਪ੍ਰੋਗਰਾਮ ਰਾਹੀਂ ਮੁਕੱਦਮੇ ਦੀ ਕਾਰਵਾਈ ਦੇ ਤਰੀਕੇ ਬਾਰੇ, ਅਦਾਲਤ ਦੀਆਂ ਭਵਿੱਖ ਦੀਆਂ ਤਾਰੀਕਾਂ ਬਾਰੇ, ਅਤੇ ਉਨ੍ਹਾਂ ਕਾਰਵਾਈਆਂ ਜਾਂ ਹਾਲਤਾਂ ਵਿਚ ਜ਼ਮਾਨਤ ਦੀਆਂ ਸ਼ਰਤਾਂ ਅਤੇ ਹੋਰ ਤਬਦੀਲੀਆਂ ਬਾਰੇ ਸੂਚਿਤ ਕੀਤਾ ਗਿਆ ਹੈ।

## ਹੋਰ ਜਾਣਕਾਰੀ

### ਪੀੜਿਤਾਂ ਨੂੰ ਜਾਣਕਾਰੀ ਦੇਣਾ

- ਵੀ ਓ ਸੀ ਏ ਹੇਠ

ਪੁਲੀਸ ਨੂੰ *ਵਿਕਟਿਮਜ਼ ਔਫ ਕਰਾਇਮ ਐਕਟ* ਦੇ ਸੈਕਸ਼ਨ 5 ਹੇਠ ਮੁੱਖ ਜ਼ਿੰਮੇਵਾਰ ਨਿਯਤ ਕੀਤਾ ਜਾਂਦਾ ਹੈ ਜਿਹੜਾ ਇਹ ਮੰਗ ਕਰਦਾ ਹੈ ਕਿ ਜਸਟਿਸ ਸਿਸਟਮ ਦੇ ਸਟਾਫ ਲਈ ਜਸਟਿਸ ਸਿਸਟਮ ਦੇ ਢਾਂਚੇ ਅਤੇ ਕਾਰਜਾਂ, ਪੀੜਿਤਾਂ ਲਈ ਸੇਵਾਵਾਂ, *ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ*, *ਕ੍ਰਿਮੀਨਲ ਇੰਜਰੀ ਕੰਪਨਸੇਸ਼ਨ ਐਕਟ* ਅਤੇ *ਵਿਕਟਿਮਜ਼ ਔਫ ਕਰਾਇਮ ਐਕਟ* ਬਾਰੇ ਪੀੜਿਤ ਨੂੰ ਆਮ ਜਾਣਕਾਰੀ ਦੇਣਾ ਜ਼ਰੂਰੀ ਹੈ।

ਜੇ ਇਹ ਪਤਾ ਲੱਗੇ ਕਿ ਪੀੜਿਤ ਨੂੰ ਲੋੜੀਂਦੀ ਜਾਣਕਾਰੀ ਨਹੀਂ ਦਿੱਤੀ ਗਈ ਤਾਂ ਕਰਾਊਨ ਕੌਂਸਲ ਜਾਂ ਪ੍ਰਬੰਧਕੀ ਸਟਾਫ ਉਨ੍ਹਾਂ ਨੂੰ ਇਸ ਮੰਤਵ ਲਈ ਮਨਿਸਟਰੀ ਔਫ ਜਸਟਿਸ ਵਲੋਂ ਤਿਆਰ ਕੀਤੀ ਗਈ ਆਮ ਜਾਣਕਾਰੀ ਦੇਵੇਗਾ।

*ਯੂਥ ਕ੍ਰਿਮੀਨਲ ਜਸਟਿਸ ਐਕਟ* ਮੁਤਾਬਕ ਅਤੇ ਕਿਸੇ ਪੜਤਾਲ ਜਾਂ ਮੁਕੱਦਮੇ ਦੀ ਤਰਫਦਾਰੀ ਨਾ ਕਰਨ ਦੀ ਸ਼ਰਤ ਨਾਲ, ਜਿੱਥੇ ਕੋਈ ਪੀੜਿਤ ਮੰਗ ਕਰਦਾ ਹੈ, ਵੀ ਓ ਸੀ ਏ ਦੇ ਸੈਕਸ਼ਨ 6(1) (ਈ) ਅਤੇ (ਐੱਫ) ਅਦਾਲਤ ਦੀਆਂ ਉਨ੍ਹਾਂ ਕਾਰਵਾਈਆਂ ਬਾਰੇ ਪੀੜਿਤ ਨੂੰ ਲਗਾਤਾਰ ਜਾਣਕਾਰੀ ਦਿੰਦੇ ਰਹਿਣ ਦੀ ਜ਼ਿੰਮੇਵਾਰੀ ਲਾਗੂ ਕਰਦੇ ਹਨ ਜਿਨ੍ਹਾਂ ਦੀ ਅੰਤਿਮ ਨਿਬੇੜੇ, ਕਥਿਤ ਦੋਸ਼ੀ ਦੀ ਸਜ਼ਾ ਜਾਂ ਜ਼ਮਾਨਤ ਦੇ ਦਰਜੇ ਅਤੇ ਇਸ ਦੇ ਨਾਲ ਨਾਲ ਅਦਾਲਤ ਦੀ ਹਰ ਕਾਰਵਾਈ ਦੇ ਸਿੱਟੇ ’ਤੇ ਅਸਰ ਪੈਣ ਦੀ ਸੰਭਾਵਨਾ ਹੈ।

ਜਾਰੀ ਕੀਤੀ ਜਾਣ ਵਾਲੀ ਜਾਣਕਾਰੀ ਵੀ ਓ ਸੀ ਏ ਦੇ ਸੈਕਸ਼ਨ 6(ਬੀ), (ਸੀ), (ਈ) ਅਤੇ (ਐੱਫ) ਵਿਚ ਦੱਸੀ ਜਾਣਕਾਰੀ ਤੱਕ ਅਤੇ ਉਸ ਜਾਣਕਾਰੀ ਤੱਕ ਸੀਮਤ ਹੁੰਦੀ ਹੈ ਜਿਹੜੀ ਅਦਾਲਤ ਦੀ ਲਿਸਟ ਉਪਰਲੇ ਅਦਾਲਤ ਵਿਚ ਪੇਸ਼ੀ ਦੇ ਕਾਰਨ ਤੋਂ ਸਪਸ਼ਟ ਨਹੀਂ ਹੋਵੇਗੀ।

- ਸੀ ਵੀ ਬੀ ਆਰ ਹੇਠ

ਸੀ ਵੀ ਬੀ ਆਰ ਦਾ ਸੈਕਸ਼ਨ 6 ਇਹ ਕਹਿੰਦਾ ਹੈ ਕਿ ਪੀੜਿਤ ਨੂੰ ਮੰਗ ਕਰਨ ’ਤੇ ਕ੍ਰਿਮੀਨਲ ਜਸਟਿਸ ਸਿਸਟਮ ਬਾਰੇ ਅਤੇ ਇਸ ਵਿਚ ਪੀੜਿਤਾਂ ਦੇ ਰੋਲ ਬਾਰੇ ਆਮ ਜਾਣਕਾਰੀ ਲੈਣ ਦਾ ਹੱਕ ਹੈ, ਅਤੇ ਇਹ ਜਾਣਕਾਰੀ ਲੈਣ ਦਾ ਹੱਕ ਹੈ ਕਿ ਉਨ੍ਹਾਂ ਲਈ ਕਿਹੜੀਆਂ ਸੇਵਾਵਾਂ ਅਤੇ ਪ੍ਰੋਗਰਾਮ ਉਪਲਬਧ ਹਨ ਅਤੇ ਉਨ੍ਹਾਂ ਨੂੰ ਸੀ ਵੀ ਬੀ ਆਰ ਹੇਠ ਆਪਣੇ ਕਿਸੇ ਹੱਕ ਦੀ ਉਲੰਘਣਾ ਜਾਂ ਨਾਂਹ ਲਈ ਸ਼ਿਕਾਇਤ ਦਰਜ ਕਰਵਾਉਣ ਦਾ ਹੱਕ ਹੈ। ਇਸ ਦੇ ਇਲਾਵਾ, ਸੈਕਸ਼ਨ 7 ਅਤੇ 8 ਇਹ ਕਹਿੰਦੇ ਹਨ ਕਿ ਪੀੜਿਤ ਨੂੰ ਮੰਗ ਕਰਨ ’ਤੇ ਕੇਸ ਬਾਰੇ ਖਾਸ ਜਾਣਕਾਰੀ ਲੈਣ ਦਾ ਹੱਕ ਹੈ, ਜਿਵੇਂ ਕਿ ਅਦਾਲਤ ਦੀਆਂ ਕਾਰਵਾਈਆਂ ਦਾ ਸਥਾਨ, ਇਹ ਕਦੋਂ ਹੋਣੀਆਂ ਹਨ, ਉਨ੍ਹਾਂ ਵਿਚ ਕੀ ਪ੍ਰਗਤੀ ਹੋਈ ਹੈ ਅਤੇ ਕੀ ਨਤੀਜੇ ਨਿਕਲੇ ਹਨ। ਸੈਕਸ਼ਨ 20 ਇਹ ਪੱਕਾ ਕਰਨ ਲਈ ਉਪਰਲਿਆਂ ’ਤੇ ਸੀਮਾਵਾਂ ਲਾਉਂਦਾ ਹੈ ਕਿ ਸਹੀ ਇਨਸਾਫ ਹੋਣ ਦੇ ਰਾਹ ਵਿਚ ਕੋਈ ਦਖਲਅੰਦਾਜ਼ੀ ਨਹੀਂ ਹੈ।

## ਪੀੜਿਤਾਂ ’ਤੇ ਅਸਰ ਦੇ ਬਿਆਨ

ਪੀੜਿਤਾਂ ਨੂੰ ਪੀੜਿਤਾਂ ’ਤੇ ਅਸਰ ਦਾ ਬਿਆਨ (ਵਿਕਟਿਮ ਇਮਪੈਕਟ ਸਟੇਟਮੈਂਟ) ਦੇਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। *ਵਿਕਟਿਮਜ਼ ਔਫ ਕਰਾਇਮ ਐਕਟ* ਦੇ ਸੈਕਸ਼ਨ 4 ਹੇਠ, ਕਰਾਊਨ ਕੌਂਸਲ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ, ਹਰ ਪੀੜਿਤ ਨੂੰ ਜੁਰਮ ਦੇ ਅਸਰ ਦੇ ਸੰਬੰਧ ਵਿਚ, ਜਿਵੇਂ ਕਿ ਪੀੜਿਤ ਵਲੋਂ ਮਹਿਸੂਸ ਕੀਤਾ ਗਿਆ ਹੈ, ਅਦਾਲਤ ਅੱਗੇ ਮੰਨਣ ਯੋਗ ਸਬੂਤ ਦੇਣ ਦਾ ਵਾਜਬ ਮੌਕਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ *ਕ੍ਰਿਮੀਨਲ ਕੋਡ* ਦਾ ਸੈਕਸ਼ਨ 722(2) ਅਦਾਲਤ ਤੋਂ ਇਹ ਮੰਗ ਕਰਦਾ ਹੈ ਕਿ ਉਹ ਪ੍ਰੌਸੀਕਿਊਟਰ (ਸਰਕਾਰੀ ਵਕੀਲ) ਤੋਂ ਇਹ ਪੁੱਛੇ ਕਿ ਕੀ ਪੀੜਿਤ ਨੂੰ ਪੀੜਿਤ ’ਤੇ ਅਸਰ ਦਾ ਬਿਆਨ ਤਿਆਰ ਕਰਨ ਦਾ ਮੌਕਾ ਦੇਣ ਲਈ ਵਾਜਬ ਕਦਮ ਚੁੱਕੇ ਗਏ ਹਨ।

ਇਸ ਦੇ ਇਲਾਵਾ, *ਕੈਨੇਡੀਅਨ ਵਿਕਟਿਮਜ਼ ਬਿੱਲ ਔਫ ਰਾਈਟਸ* ਦੇ ਸੈਕਸ਼ਨ 15 ਅਤੇ 19 ਇਹ ਕਹਿੰਦੇ ਹਨ ਕਿ ਹਰ ਪੀੜਿਤ ਨੂੰ ਕ੍ਰਿਮੀਨਲ ਜਸਸਿਟ ਸਿਸਟਮ ਵਿਚਲੇ ਢੁਕਵੇਂ ਅਧਿਕਾਰੀਆਂ ਨੂੰ ਪੀੜਤ 'ਤੇ ਅਸਰ ਦਾ ਬਿਆਨ ਦੇਣ ਦਾ ਹੱਕ ਹੈ ਅਤੇ ਇਸ ਨੂੰ ਕਾਨੂੰਨ ਵਲੋਂ ਪ੍ਰਦਾਨ ਕੀਤੇ ਗਏ ਤਰੀਕਿਆਂ ਰਾਹੀਂ ਵਿਚਾਰੇ ਜਾਣ ਦਾ ਹੱਕ ਹੈ।

## ਤਿਆਰੀ

*ਕ੍ਰਿਮੀਨਲ ਕੋਡ* ਦਾ ਸੈਕਸ਼ਨ 722(4) ਪੀੜਤਾਂ ਦੀ ਉਸ ਪ੍ਰੋਗਰਾਮ ਵਲੋਂ ਬਣਾਏ ਗਏ ਤਰੀਕਿਆਂ ਮੁਤਾਬਕ ਪੀੜਤ 'ਤੇ ਅਸਰ ਦੇ ਬਿਆਨ ਤਿਆਰ ਕਰਨ ਵਿਚ ਮਦਦ ਕਰਦਾ ਹੈ ਜਿਹੜਾ ਸੂਬੇ ਵਿਚ ਲੈਫਟੀਨੈਂਟ ਗਵਰਨਰ ਇਨ ਕੌਂਸਲ ਵਲੋਂ ਉਸ ਮੰਤਵ ਲਈ ਤਿਆਰ ਕੀਤਾ ਗਿਆ ਸੀ। ਮਨਿਸਟਰੀ ਔਫ ਅਟਾਰਨੀ ਜਨਰਲ ਦੀ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦਾ ਵਿਕਟਿਮ ਇਮਪੈਕਟ ਸਟੇਟਮੈਂਟ ਪ੍ਰੋਗਰਾਮ, ਸੂਬੇ ਦੀ ਔਰਡਰ-ਇਨ-ਕੌਂਸਲ ਵਲੋਂ ਅਜਿਹੇ ਪ੍ਰੋਗਰਾਮ ਵਜੋਂ ਨਿਯਤ ਕੀਤਾ ਗਿਆ ਸੀ ਜਿਹੜਾ ਉਸ ਸਬਸੈਕਸ਼ਨ ਹੇਠ ਬ੍ਰਿਟਿਸ਼ ਕੋਲੰਬੀਆ ਵਿਚ ਪੀੜਤ 'ਤੇ ਅਸਰ ਦੇ ਬਿਆਨ ਤਿਆਰ ਕਰਨ ਲਈ ਜ਼ਿੰਮੇਵਾਰ ਸੀ। ਅੰਤਿਕਾ ਏ ਵਿਚ ਉਹ ਤਰੀਕੇ ਦੱਸੇ ਗਏ ਹਨ ਜਿਹੜੇ ਪੀੜਤ 'ਤੇ ਅਸਰ ਦੇ ਬਿਆਨ ਤਿਆਰ ਕਰਨ ਲਈ ਬਣਾਏ ਗਏ ਹਨ।

## ਪੇਸ਼ ਕਰਨਾ

ਭਾਵੇਂ ਕਿ ਪੀੜਤ 'ਤੇ ਅਸਰ ਦੇ ਬਿਆਨ ਅਕਸਰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 722(1) ਹੇਠ ਕੋਰਟ ਆਰਡਰ ਨਾਲ ਦਰਜ ਕਰਵਾ ਕੇ ਪੇਸ਼ ਕੀਤੇ ਜਾਂਦੇ ਹਨ, ਸੈਕਸ਼ਨ 722(5) ਤੋਂ (7) ਪੀੜਤਾਂ ਲਈ ਸਜ਼ਾ ਲਈ ਸੁਣਵਾਈਆਂ ਦੌਰਾਨ ਇਨ੍ਹਾਂ ਨੂੰ ਪੇਸ਼ ਕਰਨ ਦੇ ਹੋਰ ਤਰੀਕਿਆਂ ਦੀ ਵੀ ਆਗਿਆ ਦਿੰਦੇ ਹਨ।

ਸੈਕਸ਼ਨ 722(5) ਇਹ ਕਹਿੰਦਾ ਹੈ ਕਿ ਪੀੜਿਤ, ਮੰਗ ਕਰਨ 'ਤੇ, ਆਪਣਾ ਪੀੜਤ 'ਤੇ ਅਸਰ ਦਾ ਬਿਆਨ ਅਦਾਲਤ ਅੱਗੇ ਪੜ੍ਹ ਕੇ ਪੇਸ਼ ਕਰ ਸਕਦਾ ਹੈ, ਆਪਣੀ ਪਸੰਦ ਦੇ ਮਦਦ ਕਰਨ ਵਾਲੇ ਕਿਸੇ ਨੇੜਲੇ ਵਿਅਕਤੀ ਦੀ ਹਾਜ਼ਰੀ ਵਿਚ ਅਤੇ ਉਸ ਦੇ ਨੇੜੇ ਪੜ੍ਹ ਸਕਦਾ ਹੈ, ਅਦਾਲਤ ਦੇ ਬਾਹਰ ਪੜ੍ਹ ਸਕਦਾ ਹੈ (ਸੈਕਸ਼ਨ 722(7) ਦੇ ਮੁਤਾਬਕ), ਜਾਂ ਪਰਦੇ ਪਿੱਛੇ ਜਾਂ ਕਿਸੇ ਹੋਰ ਯੰਤਰ ਨਾਲ ਪੜ੍ਹ ਸਕਦਾ ਹੈ ਜਿਸ ਨਾਲ ਪੀੜਤ ਨੂੰ ਦੋਸ਼ੀ ਨੂੰ ਦੇਖਣਾ ਨਾ ਪਵੇ, ਜਾਂ ਕਿਸੇ ਵੀ ਹੋਰ ਤਰੀਕੇ ਨਾਲ ਪੜ੍ਹ ਸਕਦਾ ਹੈ ਜਿਹੜਾ ਅਦਾਲਤ ਢੁਕਵਾਂ ਸਮਝਦੀ ਹੋਵੇ।

ਸੈਕਸ਼ਨ 722(6) ਕਿਸੇ ਪੀੜਿਤ ਜਾਂ ਉਸ ਦੇ ਨੁਮਾਇੰਦੇ ਨੂੰ ਇਹ ਆਗਿਆ ਦਿੰਦਾ ਹੈ ਕਿ ਉਹ ਪੀੜਿਤ 'ਤੇ ਅਸਰ ਦੇ ਬਿਆਨ ਨੂੰ ਪੇਸ਼ ਕਰਦੇ ਵਕਤ ਜੁਰਮ ਤੋਂ ਪਹਿਲਾਂ ਲਈ ਗਈ ਪੀੜਿਤ ਦੀ ਫੋਟੋ ਆਪਣੇ ਕੋਲ ਰੱਖ ਸਕਦਾ ਹੈ, ਜੇ ਇਹ ਅਦਾਲਤ ਦੀ ਰਾਇ ਵਿਚ ਕਾਰਵਾਈ ਵਿਚ ਵਿਘਨ ਨਹੀਂ ਪਾਉਂਦਾ।

ਪੀੜਤ 'ਤੇ ਅਸਰ ਦਾ ਬਿਆਨ ਅਤੇ ਹਰਜਾਨੇ ਬਾਰੇ ਜਾਣਕਾਰੀ ਦੇਣ ਵਾਲੀ ਗਾਈਡ ਪੀੜਤਾਂ ਨੂੰ ਹਿਦਾਇਤ ਕਰਦੇ ਹਨ ਕਿ ਉਹ ਸਜ਼ਾ ਸੁਣਾਏ ਜਾਣ ਦੀ ਤਾਰੀਕ ਤੋਂ ਜਿੰਨਾ ਵੀ ਪਹਿਲਾਂ ਹੋ ਸਕੇ ਓਨਾ ਪਹਿਲਾਂ ਕਰਾਊਨ ਕੌਂਸਲ ਨੂੰ ਦੱਸਣ ਜੇ ਉਹ ਸੈਕਸ਼ਨ 722(5) ਅਤੇ 722(6) ਹੇਠ ਇਨ੍ਹਾਂ ਵਿੱਚੋਂ ਕਿਸੇ ਵੀ ਚੋਣ ਲਈ ਬੇਨਤੀ ਕਰਨਾ ਚਾਹੁੰਦੇ ਹੋਣ।

## ਹਰਜਾਨਾ

ਕਰਾਊਨ ਕੌਂਸਲ ਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ *ਕ੍ਰਿਮੀਨਲ ਕੋਡ* ਦੇ ਸੈਕਸ਼ਨ 738 ਜਾਂ 739 ਹੇਠ ਹਰਜਾਨੇ ਦਾ ਆਰਡਰ ਢੁਕਵਾਂ ਹੈ ਜਾਂ ਨਹੀਂ ਅਤੇ ਉਸ ਨੂੰ ਪੀੜਤਾਂ ਨੂੰ ਇਹ ਮੌਕਾ ਦੇਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਕੀ ਉਹ ਆਪਣੇ ਘਾਟਿਆਂ ਅਤੇ ਨੁਕਸਾਨਾਂ ਲਈ ਹਰਜਾਨਾ ਮੰਗ ਰਹੇ ਹਨ ਜਾਂ ਨਹੀਂ।

## ਕਮਿਉਨਟੀ 'ਤੇ ਅਸਰ ਦੇ ਬਿਆਨ

*ਕ੍ਰਿਮੀਨਲ ਕੋਡ* ਦਾ ਸੈਕਸ਼ਨ 722.2 ਵਿਅਕਤੀਆਂ ਦੀ ਉਸ ਪ੍ਰੋਗਰਾਮ ਵਲੋਂ ਬਣਾਏ ਗਏ ਤਰੀਕਿਆਂ ਮੁਤਾਬਕ ਕਮਿਉਨਟੀ 'ਤੇ ਅਸਰ ਦੇ ਬਿਆਨ ਤਿਆਰ ਕਰਨ ਵਿਚ ਮਦਦ ਕਰਦਾ ਹੈ ਜਿਹੜਾ ਸੂਬੇ ਵਿਚ ਲੈਫਟੀਨੈਂਟ ਗਵਰਨਰ ਇਨ ਕੌਂਸਲ ਵਲੋਂ ਉਸ ਮੰਤਵ ਲਈ ਤਿਆਰ ਕੀਤਾ ਗਿਆ ਸੀ। ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਦੀ ਕਮਿਉਨਟੀ ਸੇਫਟੀ

ਐਂਡ ਕਰਾਇਮ ਪ੍ਰੀਵੈਨਸ਼ਨ ਬਰਾਂਚ ਦਾ ਕਮਿਉਨਟੀ ਇਮਪੈਕਟ ਸਟੇਟਮੈਂਟ ਪ੍ਰੋਗਰਾਮ, ਔਰਡਰ-ਇਨ-ਕੌਂਸਲ ਵਲੋਂ ਅਜਿਹੇ ਪ੍ਰੋਗਰਾਮ ਵਜੋਂ ਨਿਯਤ ਕੀਤਾ ਗਿਆ ਸੀ ਜਿਹੜਾ ਸੈਕਸ਼ਨ 722.2(2) ਵਿਚ ਦੱਸੇ ਗਏ ਮੁਤਾਬਕ ਬ੍ਰਿਟਿਸ਼ ਕੋਲੰਬੀਆ ਵਿਚ ਕਮਿਉਨਟੀ 'ਤੇ ਅਸਰ ਦੇ ਬਿਆਨ ਤਿਆਰ ਕਰਨ ਦੇ ਤਰੀਕੇ ਨਿਯਤ ਲਈ ਜ਼ਿੰਮੇਵਾਰ ਸੀ।

## ਪੀੜਤ ਨਾਲ ਸੰਬੰਧਿਤ ਰਿਕਾਰਡ ਇਕੱਤਰ ਕਰਨ ਲਈ ਅਰਜ਼ੀਆਂ

ਜਿੱਥੇ ਸਫ਼ਾਈ ਵਕੀਲ (ਡਿਫੈਂਸ) ਵਲੋਂ ਪੀੜਤ ਜਾਂ ਗਵਾਹ ਨਾਲ ਸੰਬੰਧਿਤ ਰਿਕਾਰਡ ਇਕੱਤਰ ਕਰਨ ਲਈ ਅਰਜ਼ੀ ਦਿੱਤੀ ਹੋਵੇ ਅਤੇ ਪੀੜਤ ਜਾਂ ਗਵਾਹ ਨੇ ਵਕੀਲ ਲੈਣ ਦੇ ਮੌਕੇ ਲਈ ਬੇਨਤੀ ਕੀਤੀ ਹੋਵੇ, ਉੱਥੇ ਕਰਾਊਨ ਕੌਂਸਲ ਜਿੱਥੇ ਲੋੜ ਹੋਵੇ, ਇਹ ਮੰਗ ਪੂਰੀ ਕਰਨ ਲਈ ਮੁਕੱਦਮੇ ਨੂੰ ਅੱਗੇ ਪਾਉਣ ਲਈ ਅਪਲਾਈ ਕਰੇਗਾ। ਇਸ ਤੋਂ ਵੀ ਅਗਾਂਹ, ਢੁਕਵੇਂ ਕੇਸਾਂ ਵਿਚ, ਕਰਾਊਨ ਕੌਂਸਲ ਕਾਨੂੰਨੀ ਨੁਮਾਇੰਦਗੀ ਲਈ ਅਰਜ਼ੀ ਦੇਣ ਲਈ ਪੀੜਤ ਨੂੰ ਲੀਗਲ ਸਰਵਿਸਿਜ਼ ਸੁਸਾਇਟੀ ਕੋਲ ਭੇਜੇਗਾ।

ਮਨਿਸਟਰੀ ਔਫ ਜਸਟਿਸ, ਕਾਮੁਕ ਹਮਲੇ ਦੇ ਕੇਸਾਂ ਵਿਚ ਸਾਰੇ ਸ਼ਿਕਾਇਤਕਰਤਾਵਾਂ ਅਤੇ ਗਵਾਹਾਂ ਲਈ ਆਜ਼ਾਦ ਕਾਨੂੰਨੀ ਸਲਾਹ ਅਤੇ ਨੁਮਾਇੰਦਗੀ ਲਈ ਫੰਡ ਦੇਵੇਗੀ, ਜਿੱਥੇ *ਕ੍ਰਿਮੀਨਲ ਕੋਡ* ਦੇ ਸੈਕਸ਼ਨ 278.3 ਹੇਠ ਅਰਜ਼ੀ ਦਿੱਤੀ ਜਾਂਦੀ ਹੈ, ਭਾਵੇਂ ਉਸ ਵਿਅਕਤੀ ਦੀ ਮਾਇਕ ਹਾਲਤ ਕਿਸੇ ਤਰ੍ਹਾਂ ਦੀ ਵੀ ਹੋਵੇ।

## ਕੋਰਟ ਔਫ ਅਪੀਲ ਅੱਗੇ ਅਪੀਲ ਕਰਨ ਲਈ ਪੀੜਤਾਂ ਨੂੰ ਸਹਾਇਤਾ

ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦੇ ਕ੍ਰਿਮੀਨਲ ਅਪੀਲਜ਼ ਐਂਡ ਸਪੈਸ਼ਲ ਪ੍ਰੌਸੀਕਿਊਸ਼ਨ (ਸੀ ਏ ਐੱਸ ਪੀ) ਵਿਭਾਗ ਵਲੋਂ ਅਪੀਲ ਕਰਨ ਦੇ ਫੈਸਲੇ ਤੋਂ ਬਾਅਦ, ਜਾਂ ਅਪੀਲਕਰਤਾ ਦਾ ਨੋਟਿਸ ਔਫ ਅਪੀਲ ਸੀ ਏ ਐੱਸ ਪੀ ਨੂੰ ਮਿਲਣ ਤੋਂ ਬਾਅਦ, ਜਿੰਨਾ ਵੀ ਛੇਤੀ ਸੰਭਵ ਹੋਵੇ, ਅੱਗੇ ਲਿਖੀਆਂ ਚੀਜ਼ਾਂ ਲਾਗੂ ਹੁੰਦੀਆਂ ਹਨ ਜਿੱਥੇ ਪੀੜਤ ਵਲੋਂ ਵੀ ਓ ਸੀ ਏ ਦੇ ਸੈਕਸ਼ਨ 6 ਅਨੁਸਾਰ ਜਾਣਕਾਰੀ ਲਈ ਲਿਖਤੀ ਬੇਨਤੀ ਕੀਤੀ ਗਈ ਹੈ:

- ਸੀ ਏ ਐੱਸ ਪੀ, ਜੇ ਢੁਕਵਾਂ ਹੋਵੇ ਤਾਂ ਇਹ ਪਤਾ ਲਾਉਣ ਲਈ ਪੀੜਤ ਨਾਲ ਸੰਪਰਕ ਕਰੇਗਾ ਕਿ ਪੀੜਤ ਦੀ ਜਾਣਕਾਰੀ ਲੈਣ ਜਾਂ ਕਾਰਵਾਈਆਂ ਵਿਚ ਸ਼ਾਮਲ ਹੋਣ ਦੀ ਕਿਸ ਹੱਦ ਤੱਕ ਦਿਲਚਸਪੀ ਹੈ।

- ਸੀ ਏ ਐੱਸ ਪੀ ਨੂੰ ਅਪੀਲ ਦੀ ਉਡੀਕ ਦੌਰਾਨ ਜ਼ਮਾਨਤ ਲਈ ਕਿਸੇ ਅਰਜ਼ੀ ਦੀ ਤਾਰੀਕ ਬਾਰੇ ਪੀੜਤ ਨੂੰ ਦੱਸਣਾ ਚਾਹੀਦਾ ਹੈ ਤਾਂ ਜੋ ਪੀੜਤ ਜ਼ਮਾਨਤ ਨਾਲ ਸੰਬੰਧਿਤ ਕੋਈ ਟਿੱਪਣੀ ਕਰਨ ਦੇ ਯੋਗ ਹੋ ਸਕੇ।

- ਸੀ ਏ ਐੱਸ ਪੀ ਪੀੜਤ ਨੂੰ ਕਿਸੇ ਜ਼ਮਾਨਤ ਦੀ ਅਰਜ਼ੀ ਦੇ ਨਤੀਜੇ ਬਾਰੇ ਸੂਚਿਤ ਕਰੇਗਾ ਅਤੇ ਜੇ ਢੁਕਵਾਂ ਹੋਵੇ ਤਾਂ ਆਰਡਰ ਦੀ ਕਾਪੀ ਦੇਵਗਾ।

- ਸੀ ਏ ਐੱਸ ਪੀ ਪੀੜਤ ਨੂੰ ਅਪੀਲ ਦੀ ਤਾਰੀਕ ਦੀ ਅਤੇ ਕਿਸੇ ਵੀ ਉਸ ਪੇਸ਼ੀ ਦੀ ਸੂਚਨਾ ਦੇਵੇਗਾ ਜਿਸ ਦਾ ਨਤੀਜਾ ਅਪੀਲ ਦੇ ਅੰਤਿਮ ਨਿਬੇੜੇ ਵਿਚ ਨਿਕਲਣ ਦੀ ਸੰਭਾਵਨਾ ਹੈ ਜਾਂ ਅਪੀਲਕਰਤਾ ਦੇ ਜ਼ਮਾਨਤ ਦੇ ਦਰਜੇ, ਗੱਡੀ ਚਲਾਉਣ ਦੇ ਹੱਕਾਂ ਜਾਂ ਪ੍ਰੋਬੇਸ਼ਨ ਆਰਡਰ ਦੀਆਂ ਸ਼ਰਤਾਂ ਦਾ ਪਾਲਣ ਕਰਨ ਦੀ ਜ਼ਿੰਮੇਵਾਰੀ ਵਿਚ ਤਬਦੀਲੀ ਹੋਣ ਦੀ ਸੰਭਾਵਨਾ ਹੈ। ਇਸ ਦੇ ਇਲਾਵਾ, ਜਿੱਥੇ ਨਵੇਂ ਮੁਕੱਦਮੇ ਦਾ ਹੁਕਮ ਕੀਤਾ ਜਾਂਦਾ ਹੈ, ਸੀ ਏ ਐੱਸ ਪੀ ਪੀੜਤ ਨੂੰ ਇਸ ਦੀ ਸੂਚਨਾ ਦੇਵੇਗਾ ਅਤੇ ਪੀੜਤ ਨੂੰ ਉਸ ਇਲਾਕੇ ਦੇ ਕਰਾਊਨ ਕੌਂਸਲ ਦੇ ਦਫਤਰ ਨਾਲ ਸੰਪਰਕ ਕਰਨ ਵਿਚ ਮਦਦ ਕਰੇਗਾ ਜਿੱਥੇ ਨਵਾਂ ਮੁਕੱਦਮਾ ਚੱਲੇਗਾ।

ਪੈਰੋਲ ਲਈ ਜਾਂ ਆਰਜ਼ੀ ਗੈਰ-ਹਾਜ਼ਰੀਆਂ ਲਈ ਯੋਗਤਾ, ਜਾਂ ਕੋਰੈਕਸ਼ਨਜ਼ ਨਾਲ ਸੰਬੰਧਿਤ ਕਿਸੇ ਵੀ ਮਾਮਲੇ ਨਾਲ ਸੰਬੰਧਿਤ ਸੁਆਲ ਲੋਕਲ ਪੈਰੋਲ ਜਾਂ ਪ੍ਰੋਬੇਸ਼ਨ ਆਫਿਸ ਤੋਂ ਜਾਂ ਉਸ ਜੇਲ੍ਹ ਤੋਂ ਪੁੱਛੇ ਜਾਣੇ ਚਾਹੀਦੇ ਹਨ ਜਿੱਥੇ ਦੋਸ਼ੀ ਕੈਦ ਵਿਚ ਹੈ।

ਜਿੱਥੇ ਪੁਲੀਸ ਦੇ ਜਾਂ ਪੀੜਤਾਂ ਦੀ ਮਦਦ ਕਰਨ ਵਾਲੇ ਖਾਸ ਕਮਿਉਨਟੀ-ਆਧਾਰਿਤ ਪ੍ਰੋਗਰਾਮਾਂ ਦੇ ਸਟਾਫ ਨੇ ਪੀੜਤਾਂ ਨੂੰ ਸੇਵਾਵਾਂ ਦਿੱਤੀਆਂ ਹੁੰਦੀਆਂ ਹਨ ਅਤੇ ਜਿੱਥੇ ਉਨ੍ਹਾਂ ਨੂੰ ਪੀੜਤ ਤੋਂ ਅਜਿਹਾ ਕਰਨ ਦੀ ਲਿਖਤੀ ਆਗਿਆ ਮਿਲੀ ਹੁੰਦੀ ਹੈ, ਸੀ ਏ ਐੱਸ ਪੀ ਦਾ ਦਫਤਰ, ਜਿੱਥੇ ਢੁਕਵਾਂ ਹੋਵੇ, ਸਿੱਧਾ ਪੁਲੀਸ ਨੂੰ ਜਾਂ ਪੀੜਤਾਂ ਦੀ ਮਦਦ ਕਰਨ ਵਾਲੇ ਖਾਸ ਕਮਿਉਨਟੀ-ਆਧਾਰਿਤ ਪ੍ਰੋਗਰਾਮ ਨੂੰ ਜਾਣਕਾਰੀ ਦੇਵਗਾ (*ਵਿਕਟਿਮਜ਼ ਔਫ ਕਰਾਇਮ-ਪ੍ਰੋਵਾਈਡਿੰਗ ਇਨਫਰਮੇਸ਼ਨ ਟੂ* (ਵੀ ਆਈ ਸੀ 2))।

## ਅੰਤਿਕਾ ਏ

## ਪੀੜਤ ’ਤੇ ਅਸਰ ਦੇ ਬਿਆਨ ਤਿਆਰ ਕਰਨ ਲਈ ਤਰੀਕੇ

### ਮਨਿਸਟਰੀ ਔਫ ਅਟਾਰਨੀ ਜਨਰਲ ਦੀ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦਾ ਵਿਕਟਿਮ ਇਮਪੈਕਟ ਸਟੇਟਮੈਂਟ ਪ੍ਰੋਗਰਾਮ

| | |
|---|---|
| ਪ੍ਰੋਗਰਾਮ ਲਈ ਜ਼ਿੰਮੇਵਾਰ ਬਰਾਂਚ: | • ਬੀ ਸੀ ਪ੍ਰੌਸੀਕਿਊਸ਼ਨ ਸਰਵਿਸ |
| ਪੀੜਤ ਵਿਕਟਿਮ ਇਮਪੈਕਟ ਸਟੇਟਮੈਂਟ (ਵੀ ਆਈ ਐੱਸ) ਫਾਰਮ ਕਿਵੇਂ ਲੈਂਦੇ ਹਨ? | • ਕਰਾਊਨ ਕੌਂਸਲ ਦੇ ਦਫਤਰ ਪੀੜਤਾਂ ਨੂੰ ਵੀ ਆਈ ਐੱਸ ਫਾਰਮ ਦੇਣਗੇ। ਬਹੁਤੇ ਕੇਸਾਂ ਵਿਚ, ਚਾਰਜਾਂ ਦੇ ਮਨਜ਼ੂਰ ਹੋ ਜਾਣ ’ਤੇ ਵੀ ਆਈ ਐੱਸ ਦਾ ਇਕ ਪੈਕੇਜ ਪੀੜਤਾਂ ਨੂੰ ਦਿੱਤਾ ਜਾਵੇਗਾ ਜਿਸ ਵਿਚ ਵੀ ਆਈ ਐੱਸ ਫਾਰਮ ਅਤੇ ਵਿਕਟਿਮ ਇਮਪੈਕਟ ਸਟੇਟਮੈਂਟ ਅਤੇ ਸਟੇਟਮੈਂਟ ਔਨ ਰੈਸਟੀਟਿਊਸ਼ਨ ਇਨਫਰਮੇਸ਼ਨ ਗਾਈਡ ਸ਼ਾਮਲ ਹੋਣਗੇ। ਵੀ ਆਈ ਐੱਸ ਫਾਰਮ ਬੀ ਸੀ ਪੀ ਐੱਸ ਦੇ ਵੈੱਬਸਾਈਟ ’ਤੇ ਉਪਲਬਧ ਹੈ। |
| ਫਾਰਮ ਭਰਨ ਲਈ ਪੀੜਤ ਮਦਦ ਕਿਵੇਂ ਲੈ ਸਕਦੇ ਹਨ? | • ਵਿਕਟਿਮ ਸਰਵਿਸ ਵਰਕਰ ਪੀੜਤ ਦੀ ਵੀ ਆਈ ਐੱਸ ਭਰਨ ਵਿਚ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸ ਵਰਕਰ ਨਾਲ ਸੰਪਰਕ ਕਰਨ ਲਈ ਪੀੜਤ ਵਿਕਟਿਮਲਿੰਕ ਬੀ ਸੀ ਨਾਲ ਸੰਪਰਕ ਕਰ ਸਕਦੇ ਹਨ। |
| ਆਪਣਾ ਭਰਿਆ ਹੋਇਆ ਫਾਰਮ ਪੀੜਤ ਕਿੱਥੇ ਭੇਜਦੇ ਹਨ? | • ਪੀੜਤ ਭਰੇ ਹੋਏ ਵੀ ਆਈ ਐੱਸ ਫਾਰਮ, ਮੁਕੱਦਮੇ ਲਈ ਜ਼ਿੰਮੇਵਾਰ ਕਰਾਊਨ ਕੌਂਸਲ ਦੇ ਦਫਤਰ ਨੂੰ ਦੇਣਗੇ। |
| ਕੀ ਫਾਰਮਾਂ ਨੂੰ ਕਰਾਊਨ ਕੌਂਸਲ ਵਲੋਂ ਜਾਂਚਿਆ ਅਤੇ ਪੜਚੋਲਿਆ ਜਾਂਦਾ ਹੈ? | • ਕਰਾਊਨ ਕੌਂਸਲ ਵੀ ਆਈ ਐੱਸ ਫਾਰਮਾਂ ਨੂੰ ਪੜਚੋਲਣ ਅਤੇ ਜਾਂਚਣ ਲਈ ਜ਼ਿੰਮੇਵਾਰ ਹਨ। |
| ਕੀ ਫਾਰਮ ਕਥਿਤ ਦੋਸ਼ੀ ਜਾਂ ਸਫ਼ਾਈ ਦੇ ਵਕੀਲ ਨੂੰ ਦਿਖਾਏ ਜਾਂਦੇ ਹਨ? | • ਕਰਾਊਨ ਕੌਂਸਲ ਕਥਿਤ ਦੋਸ਼ੀ ਜਾਂ ਸਫ਼ਾਈ ਦੇ ਵਕੀਲ ਨੂੰ ਵੀ ਆਈ ਐੱਸ ਫਾਰਮ ਦਿਖਾਉਣ ਲਈ ਜ਼ਿੰਮੇਵਾਰ ਹਨ। |
| ਅਦਾਲਤ ਕੋਲ ਫਾਰਮ ਕੌਣ ਦਰਜ ਕਰਵਾਉਂਦਾ ਹੈ? | • ਜੁਰਮ ਦਾ ਫੈਸਲਾ ਹੋਣ ਤੋਂ ਬਾਅਦ ਅਤੇ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਕਰਾਊਨ ਕੌਂਸਲ ਵੀ ਆਈ ਐੱਸ ਫਾਰਮ ਅਦਾਲਤ ਕੋਲ ਦਰਜ ਕਰਵਾਉਂਦਾ ਹੈ। |